# ਦਫਤਰ ਜਿਲ੍ਹਾ ਸਿੱਖਿਆ ਅਫਸਰ ਅਫਸਰ(ਸੈ.ਸਿੱ.)ਲੁਧਿਆਣਾ

ਸੇਵਾ ਵਿਖੇ,

ਪ੍ਰਿੰਸੀਪਲ/ਮੁੱਖ ਅਧਿਆਪਕ/ਇੰਚਾਰਜ(ਨੱਥੀ ਲਿਸਟ ਅਨੁਸਾਰ)

ਸਸਸਸ/ਸਹਸ/ਸਮਿਸ

ਜਿਲ੍ਹਾ ਲੁਧਿਆਣਾ।

ਪੱਤਰ ਨੰ.ਜੀ-4/2024/ਜਨਰਲ ਸਕਾ./ਸਪੈਸ਼ਲ-3

ਮਿਤੀ :- 18.12.2024

ਵਿਸ਼ਾ:- ਵਿੱਦਿਅਕ ਸੈਸ਼ਨ 2024-25 ਦੌਰਾਨ ਜਨਰਲ ਸਕਾਲਰਸਿਪ ਸਕੀਮ ਵਿੱਚ ਅਪਲਾਈ ਕੀਤੇ ਵਿਦਿਆਰਥੀਆਂ ਦਾ ਡਾਟਾ ਅਪਰੂਵ ਕਰਨ ਸਬੰਧੀ।

ਹਵਾਲਾ:- ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਐਸ.ਏ.ਐਸ ਨਗਰ ਜੀ ਦੇ ਦਫਤਰ ਦੇ ਮੀਮੋ ਨੰ.7271 31/2024316390 ਮਿਤੀ 10.12.2024 ਅਤੇ ਇਸ ਦਫਤਰ ਦੇ ਪੱਤਰ ਨੰ.ਜੀ-4/2024/ਜਨਰਲ ਸਕਾ./ਸਪੈਸ਼ਲ-1 ਮਿਤੀ :- 16.12.2024 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਜਮਾਤ ਪੰਜਵੀਂ ਅਤੇ ਅੱਠਵੀਂ ਦੇ ਮੈਰਿਟ ਵਿੱਚ ਆਏ ਵਿਦਿਆਰਥੀ ਜੋ ਕਿ ਆਪ ਜੀ ਦੇ ਸਕੂਲ ਵਿੱਚ ਛੇਵੀਂ ਅਤੇ ਨੌਵੀਂ ਜਮਾਤ ਵਿੱਚ ਪੜ੍ਹ ਰਹੇ ਹਨ,ਦੀ ਲਿਸਟ ਭੇਜਦੇ ਹੋਏ ਲਿਖਿਆ ਗਿਆ ਸੀ ਕਿ ਲਿਸਟ ਵਿੱਚ ਦਰਜ ਵਿਦਿਆਰਥੀਆਂ ਦਾ ਜਨਰਲ ਸਕਾਲਰਸ਼ਿਪ ਸਕੀਮ ਅਧੀਨ ਵਜੀਫਾ ਸਹੀਕਰਤਾ ਦੇ ਦਫਤਰ ਵੱਲੋਂ ਅਪਲਾਈ ਕਰ ਦਿੱਤਾ ਗਿਆ ਹੈ। ਹੁਣ ਲਿਸਟ ਵਿੱਚ ਦਰਜ ਵਿਦਿਆਰਥੀਆਂ ਦਾ ਡਾਟਾ ਸਬੰਧਿਤ ਸਕੂਲਾਂ ਦੇ ਮੁਖੀਆਂ ਵੱਲੋ ਈ ਪੰਜਾਬ ਪੋਰਟਲ ਤੇ ਵੈਰੀਫਾਈ ਕਰਕੇ ਅਪਰੂਵ ਕੀਤਾ ਜਾਣਾ ਹੈ।

ਇਸ ਲਈ ਆਪ ਜੀ ਨੂੰ ਲਿਖਿਆ ਗਿਆ ਸੀ ਕਿ ਤੁਰੰਤ ਬਿਨਾ ਕਿਸੇ ਦੇਰੀ ਦੇ ਮਿਤੀ 16.12.2024 ਤੱਕ ਹਰ ਹਾਲਤ ਵਿੱਚ ਲਿਸਟ ਵਿੱਚ ਦਰਜ ਆਪਣੇ-ਆਪਣੇ ਸਕੂਲ ਦੇ ਵਿਦਿਆਰਥੀਆਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਵੈਰੀਫਾਈ ਕਰਕੇ ਅਪਰੂਵ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਪਰੰਤੂ ਬੜੇ ਖੇਦ ਨਾਲ ਲਿਖਣਾ ਪੈ ਰਿਹਾ ਹੈ ਕਿ ਹਾਲੇ ਵੀ ਕੁਝ ਸਕੂਲਾਂ ਦੇ ਮੁਖੀਆ ਵੱਲੋ ਆਪਣੇ ਸਕੂਲ ਦੇ ਸਬੰਧਿਤ ਵਿਦਿਆਰਥੀਆਂ ਦਾ ਡਾਟਾ ਈਪੰਜਾਬ ਪੋਰਟਲ ਤੇ ਅਪਰੂਵ ਨਹੀਂ ਕੀਤਾ ਗਿਆ ਹੈ।

ਇਸ ਲਈ ਆਪ ਜੀ ਨੂੰ ਮੁੜ ਲਿਸਟ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਹਾਲੇ ਤੱਕ ਜੇਕਰ ਕਿਸੇ ਸਕੂਲ ਮੁਖੀ ਨੇ ਲਿਸਟ ਵਿੱਚ ਦਰਜ ਆਪਣੇ ਕਿਸੇ ਵਿਦਿਆਰਥੀ ਦਾ ਵਜੀਫਾ ਅਪਰੂਵ ਨਹੀਂ ਕੀਤਾ ਹੈ ਤਾਂ ਤੁਰੰਤ ਬਿਨਾ ਕਿਸੇ ਹੋਰ ਦੇਰੀ ਦੇ ਅਪਰੂਵ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ। ਜੇਕਰ ਕਿਸੇ ਯੋਗ ਵਿਦਿਆਰਥੀ ਦਾ ਡਾਟਾ ਆਪ ਜੀ ਵੱਲੋ ਸਮੇਂ ਸਿਰ ਅਪਰੂਵ ਨਹੀਂ ਕੀਤਾ ਜਾਂਦਾ ਹੈ,ਜਿਸ ਕਰਕੇ ਵਿਦਿਆਰਥੀ ਦੀ ਐਪਲੀਕੇਸ਼ਨ ਵਿਭਾਗ ਨੂੰ ਭੇਜਣ ਤੋ ਰਹਿ ਜਾਂਦੀ ਹੈ ਅਤੇ ਕੋਈ ਯੋਗ ਵਿਦਿਆਰਥੀ ਵਜੀਫੇ ਤੋਂ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਿਤ ਸਕੂਲ ਮੁਖੀ ਦੀ ਹੋਵੇਗੀ।

ਜੇਕਰ ਵਜੀਫਾ ਅਪਰੂਵ ਕਰਨ ਵਿੱਚ ਕੋਈ ਕਿਸੇ ਪ੍ਰਕਾਰ ਦੀ ਸਮੱਸਿਆ ਰਹੀ ਹੈ ਤਾਂ ਵੀ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਜੀ

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਨੱਥੀ:-ਉਕਤ ਅਨੁਸਾਰ ਵਿਦਿ.ਦੀ ਲਿਸਟ।

18/12/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)

ਲੁਧਿਆਣਾ।

18/12/24